# ਨਿਊਜ਼ ਰਿਲੀਜ਼

## ਹੈਲਥ ਕੇਅਰ ਦਾ ਭਵਿੱਖ ਐਲਬਰਟਾ ਨਿਵਾਸੀਆਂ ਦੇ ਹੱਥਾਂ 'ਚ ਹੈ

16 ਜਨਵਰੀ 2024

### ਐਲਬਰਟਾ ਸਰਕਾਰ ਸੂਬੇ ਭਰ ਵਿੱਚ ਹੈਲਥ ਕੇਅਰ/ਸਿਹਤ ਸੰਭਾਲ ਵਰਕਰਾਂ ਅਤੇ ਐਲਬਰਟਾ ਨਿਵਾਸੀਆਂ ਨਾਲ ਹੈਲਥ ਕੇਅਰ ਦੇ ਭਵਿੱਖ ਨੂੰ ਆਕਾਰ ਦੇਣ 'ਚ ਮਦਦ ਵਾਸਤੇ ਖੁਦ-ਹਾਜ਼ਰ ਹੋਣ ਵਾਲੇ ਆਦਾਨ-ਪ੍ਰਦਾਨ ਸੈਸ਼ਨਾਂ ਦੀ ਲੜੀ ਸ਼ੁਰੂ ਕਰ ਰਹੀ ਹੈ।

ਹੈਲਥ ਕੇਅਰ ਸਿਸਟਮ 'ਤੇ ਰੀਫੋਕਸ/ਮੁੜ ਕੇਂਦਰਿਤ ਕਰਨ ਦੇ ਸਰਕਾਰ ਦੇ ਚੱਲ ਰਹੇ ਯਤਨਾਂ ਦੇ ਇਕ ਭਾਗ ਵਜੋਂ ਐਲਬਰਟਾ ਨਿਵਾਸੀਆਂ ਨੂੰ ਆਉਣ ਵਾਲੇ ਕਿਸੇ ਆਦਾਨ-ਪ੍ਰਦਾਨ ਸੈਸ਼ਨ ਵਾਸਤੇ ਰਜਿਸਟਰ ਹੋਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ, ਜਿਹੜੇ ਸੈਸ਼ਨ 23 ਜਨਵਰੀ ਤੋਂ ਸ਼ੁਰੂ ਹੋ ਰਹੇ ਹਨ। ਇਹ ਸੈਸ਼ਨ ਚੁਣੌਤੀਆਂ,  ਸਮਾਧਾਨਾਂ ਅਤੇ ਨਵੀਨਤਾਵਾਂ ਬਾਰੇ ਖੁੱਲ੍ਹੀ ਗੱਲਬਾਤ ਕਰਨ ਦਾ ਮੌਕਾ ਹਨ, ਜਿਹੜੇ ਇਕ ਵਧੇਰੇ ਮਜ਼ਬੂਤ ਹੈਲਥ ਕੇਅਰ ਸਿਸਟਮ ਉਸਾਰਨ 'ਚ ਮਦਦ ਕਰਨਗੇ।

ਫਰੰਟ-ਲਾਈਨ ਹੈਲਥ ਕੇਅਰ ਵਰਕਰਾਂ, ਖੇਤਰੀ ਭਾਈਵਾਲਾਂ ਅਤੇ ਐਲਬਰਟਾ ਨਿਵਾਸੀਆਂ ਨਾਲ ਸਹਿਯੋਗ ਕਰਨਾਂ ਇਕ ਅਜਿਹੇ ਹੈਲਥ ਕੇਅਰ ਸਿਸਟਮ ਦੀ ਸਿਰਜਨਾਂ ਲਈ ਅਤਿ-ਮਹੱਤਵਪੂਰਨ ਹੈ, ਜਿਹੜਾ ਸਿਸਟਮ ਚੰਗੇਰੇ ਢੰਗ ਨਾਲ ਵਰਕਰਾਂ ਵਾਸਤੇ ਸਹਾਇਕ ਹੋਵੇ ਅਤੇ ਮਰੀਜ਼ਾਂ ਦੀ ਸੰਭਾਲ 'ਚ ਸੁਧਾਰ ਲਿਆਵੇ। ਐਲਬਰਟਾ ਨਿਵਾਸੀਆਂ ਤੋਂ ਪ੍ਰਾਪਤ ਹੋਈ ਇੰਨਪੁੱਟ, ਅਨੁਭਵ ਅਤੇ ਫੀਡਬੈਕ ਇਕ ਵਧੇਰੇ ਪ੍ਰਭਾਵਸ਼ਾਲੀ ਹੈਲਥ ਕੇਅਰ ਸਿਸਟਮ ਸਿਰਜਣ 'ਚ ਮਦਦ ਕਰਨਗੇ, ਜਿਹੜਾ ਐਲਬਰਟਾ ਨਿਵਾਸੀਆਂ ਵਾਸਤੇ ਜਦੋਂ ਅਤੇ ਜਿੱਥੇ ਉਨ੍ਹਾਂ ਨੂੰ ਲੋੜ ਹੋਵੇ, ਮੌਜੂਦ ਹੋਵੇ।

"ਐਲਬਰਟਾ-ਨਿਵਾਸੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇਹ ਯਕੀਨੀ ਬਣਾਉਣਾ ਅਤਿ-ਮਹੱਤਵਪੂਰਨ ਹੈ ਕਿ ਉਨ੍ਹਾਂ ਪਾਸ ਇਕ ਅਜਿਹਾ ਹੈਲਥ ਕੇਅਰ ਸਿਸਟਮ ਹੈ ਜਿਹੜਾ ਜਵਾਬਦੇਹ ਅਤੇ ਭਰੋਸੇਯੋਗ ਹੈ। ਇਸੇ ਲਈ ਇਹ ਏਨਾਂ ਮਹੱਤਵਪੂਰਨ ਹੈ ਕਿ ਅਸੀਂ ਫਰੰਟ-ਲਾਈਨ ਵਰਕਰਾਂ, ਮਰੀਜ਼ਾਂ ਅਤੇ ਕੇਅਰਗਿਵਰਾਂ/ਸਿਹਤ ਸੰਭਾਲ ਪ੍ਰਦਾਨ-ਕਰਤਿਆਂ ਨਾਲ, ਜਿਹੜੀਆਂ ਚੁਣੌਤੀਆਂ ਮੌਜੂਦ ਹਨ ਉਨ੍ਹਾਂ ਬਾਰੇ ਅਤੇ ਅਸੀਂ ਕਿਵੇਂ ਇਕ ਵਧੇਰੇ ਮਜ਼ਬੂਤ ਹੈਲਥ ਕੇਅਰ ਸਿਸਟਮ ਉਸਾਰ ਸਕਦੇ ਹਾਂ ਜਿਹੜਾ ਐਲਬਰਟਾ ਨਿਵਾਸੀਆਂ ਦੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਨੂੰ ਪੂਰੀਆਂ ਕਰਦਾ ਹੋਵੇ, ਉਸ ਬਾਰੇ ਰੂ-ਬਰੂ ਹੋ ਕੇ ਗੱਲਬਾਤ ਕਰੀਏ।"

*Adriana LaGrange, ਮਿਨਿਸਟਰ ਆਫ ਹੈਲਥ*

ਮਿਨਿਸਟਰ ਆਫ ਹੈਲਥ ਐਡਰਿਐਨਾ ਲਾਗਰਾਂਜ, ਮਿਨਿਸਟਰ ਆਫ ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼ ਜੇਸਨ ਨਿਕਸਨ, ਮਿਨਿਸਟਰ ਆਫ ਮੈਂਟਲ ਹੈਲਥ ਐਂਡ ਅਡਿਕਸ਼ਨ ਡੈਨ ਵਿਲੀਅਮਜ਼ ਅਤੇ ਪਾਰਲੀਮੈਂਟਰੀ ਸੈਕਰੇਟਰੀ ਫਾਰ ਰੂਰਲ ਹੈਲਥ ਮਾਰਟਿਨ ਲੌਂਗ ਸਮੇਤ ਐਲਬਰਟਾ ਸਰਕਾਰ  ਦੇ ਮੈਂਬਰ ਜਿੱਥੇ ਜਿੱਥੇ ਵੀ ਸੰਭਵ ਹੋ ਸਕਿਆ, ਇੰਨ੍ਹਾਂ ਸੈਸ਼ਨਾਂ 'ਚ ਹਾਜ਼ਰ ਹੋਣਗੇ।

Classification: Public

"ਅਸੀਂ ਜਦੋਂ ਕਿ ਰਿਕਵਰੀ ਉੱਪਰ ਕੇਂਦਰਿਤ ਸਿਸਟਮ ਉਸਾਰ ਰਹੇ ਹਾਂ, ਚੱਲ ਰਿਹਾ ਅਦਾਨ-ਪ੍ਰਦਾਨ ਉਨ੍ਹਾਂ ਲੋਕਾਂ ਵਾਸਤੇ ਉੱਤਮ ਕਿਸਮ ਦੀ ਸਾਂਭ ਸੰਭਾਲ ਨੂੰ ਯਕੀਨੀ ਬਣਾਵੇਗਾ ਜਿਹੜੇ ਮਾਨਸਿਕ ਸਿਹਤ ਚੁਣੌਤੀਆਂ ਨੂੰ ਦਰਪੇਸ਼ ਹਨ ਜਾਂ ਜਿਹੜੇ ਨਸ਼ੇੜੀਪਣ ਦੀ ਮਾਰੂ ਬੀਮਾਰੀ ਤੋਂ ਪੀੜਤ ਹਨ। ਸਾਡੀ ਸਰਕਾਰ ਉਨ੍ਹਾਂ ਸਾਰਿਆਂ ਨਾਲ ਭਾਈਵਾਲੀ ਕਰਨਾਂ ਜਾਰੀ ਰੱਖੇਗੀ ਜਿਹੜੇ ਲੋੜਵੰਦ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰ ਰਹੇ ਹਨ।"

Dan Williams, *ਮਿਨਿਸਟਰ ਆਫ ਮੈਂਟਲ ਹੈਲਥ ਐਂਡ ਅਡਿੱਕਸ਼ਨ*

"ਇਹ ਖੁਦ-ਹਾਜ਼ਰ ਹੋਣ ਵਾਲੇ ਅਦਾਨ-ਪ੍ਰਦਾਨ ਸੈਸ਼ਨ ਐਲਬਰਟਾ ਨਿਵਾਸੀਆਂ ਲਈ ਆਪਣੀ ਫੀਡਬੈਕ ਦੇਣ ਅਤੇ ਹੈਲਥ ਕੇਅਰ ਸਿਸਟਮ ਨਾਲ ਹੋਏ ਆਪਣੇ ਤਜ਼ਰਬਿਆਂ ਨੂੰ ਸਾਂਝੇ ਕਰਨ ਦਾ ਮਹੱਤਵਪੂਰਨ ਮੌਕਾ ਹਨ। ਜਦੋਂ ਕਿ ਅਸੀਂ ਆਪਣੀ ਸਿਹਤ, ਮਾਨਸਿਕ ਸਿਹਤ ਅਤੇ ਲਗਾਤਾਰ ਜਾਰੀ ਸਿਹਤ ਸੰਭਾਲ ਪ੍ਰਬੰਧਾਂ ਦੇ ਭਵਿੱਖ ਨੂੰ ਆਕਾਰ ਦੇ ਰਹੇ ਹਾਂ, ਇਹ ਸੈਸ਼ਨ ਅਤਿ-ਮਹੱਤਵਪੂਰਨ ਹਨ, ਅਤੇ ਮੈਂ ਹਰ ਇਕ ਨੂੰ ਇੰਨ੍ਹਾਂ 'ਚ ਸ਼ਾਮਲ ਹੋਣ ਲਈ ਉਤਸ਼ਾਹਤ ਕਰਦਾ ਹਾਂ।"

Jason Nixon, *ਮਿਨਿਸਟਰ ਆਫ ਸੀਨੀਅਰਜ਼, ਕਮਿਊਨਿਟੀ ਐਂਡ ਸੋਸ਼ਲ ਸਰਵਿਸਿਜ਼*

ਹੈਲਥ ਕੇਅਰ ਵਰਕਰਾਂ ਅਤੇ ਜਨਤਾ ਨੂੰ ਆਪਣੇ ਏਰੀਏ ਵਿਚਲੇ ਕਿਸੇ ਖੁਦ-ਹਾਜ਼ਰ ਹੋਣ ਵਾਲੇ ਸੈਸ਼ਨ 'ਚ ਆਨਲਾਈਨ ਰਜਿਸਟਰ ਹੋਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਅਗਾਂਹ ਦੇ ਅਦਾਨ-ਪ੍ਰਦਾਨ ਸੈਸ਼ਨਾਂ ਦੀਆਂ ਯੋਜਨਾਵਾਂ ਦਾ ਆਉਣ ਵਾਲੇ ਹਫਤਿਆਂ 'ਚ ਐਲਾਨ ਕੀਤਾ ਜਾਵੇਗਾ । ਪਬਲਿਕ ਸੈਸ਼ਨਾਂ ਤੋਂ ਇਲਾਵਾ, ਮੂਲਵਾਸੀ ਆਗੂਆਂ ਅਤੇ ਹੋਰ ਕੁੰਜੀਵਤ ਹੈਲਥ ਕੇਅਰ ਭਾਈਵਾਲਾਂ ਨਾਲ ਵਿਸ਼ੇਸ਼ ਤੌਰ 'ਤੇ ਸਮਰਪਿਤ ਸੈਸ਼ਨ ਵੀ ਹੋਣਗੇ। ਨਵੇਂ ਅਤੇ ਚੱਲ ਰਹੇ ਅਦਾਨ-ਪ੍ਰਦਾਨ ਸੈਸ਼ਨਾਂ ਸਬੰਧੀ ਬਾਕਾਇਦਾ ਅੱਪਡੇਟ ਕੀਤੀ ਜਾਣਕਾਰੀ ਸਰਕਾਰ ਦੇ ਆਨਲਾਈਨ ਸਫੇ ਉੱਪਰ ਉਪਲਬਧ ਹੈ।

ਮਿਨਿਸਟਰ ਲਾਗਰਾਂਜ ਸੂਬੇ ਭਰ ਵਿਚ ਇਸ ਅਦਾਨ-ਪ੍ਰਦਾਨ ਦੌਰਾਨ ਅਤੇ ਬਹਾਰ ਰੁੱਤ 'ਚ ਜਾਰੀ ਰੱਖਦਿਆਂ ਹਸਪਤਾਲਾਂ ਅਤੇ ਐਕਿਊਟ ਕੇਅਰ ਫੈਸਿਲਿਟੀਆਂ ਦੇ ਦੌਰੇ ਵੀ ਕਰਨਗੇ। ਉਹ ਕਲਿਨੀਕਲ ਸਟਾਫ ਅਤੇ ਫਰੰਟ-ਲਾਈਨ ਹੈਲਥ ਕੇਅਰ ਵਰਕਰਾਂ ਕੋਲੋਂ ਪ੍ਰਤੱਖ ਜਾਣਕਾਰੀ ਸੁਣਨਗੇ, ਜਦੋਂ ਕਿ ਉਹ ਸੂਬੇ 'ਚ ਹੈਲਥ ਕੇਅਰ ਪ੍ਰਦਾਨਗੀ 'ਚ ਥੋੜ-ਚਿਰੇ ਅਤੇ ਲੰਮੇਰੀ ਮਿਆਦ ਵਾਲੇ, ਦੋਹਾਂ ਤਰ੍ਹਾਂ ਦੇ ਸੁਧਾਰ ਲਿਆਉਣ ਲਈ ਢੰਗ ਤਰੀਕੇ ਲੱਭਣ ਵਾਸਤੇ ਕੰਮ ਕਰ ਰਹੇ ਹਨ।

## ਫੌਰੀ ਤੱਥ

- ਐਲਬਰਟਾ ਹੈਲਥ 23 ਜਨਵਰੀ ਤੋਂ ਸ਼ੁਰੂ ਕਰਕੇ ਅਪਰੈਲ 2024 ਤੱਕ ਚੱਲਣ ਵਾਲੇ 40 ਖੁਦ-ਹਾਜ਼ਰ ਹੋਣ ਵਾਲੇ ਅਦਾਨ-ਪ੍ਰਦਾਨ ਸੈਸ਼ਨਾਂ ਦੀ ਯੋਜਨਾਂ ਬਣਾ ਰਿਹਾ ਹੈ। ਸਥਾਨਾਂ ਅਤੇ ਸਮਾਂ-ਸੂਚੀਆਂ ਦੀ ਮੁਕੰਮਲ ਲਿਸਟ ਆਨਲਾਈਨ ਉਪਲਬਧ ਹੈ।
- ਤਕਰੀਬਨ 10,000 ਸ਼ਮੂਲੀਅਤ ਕਰਨ ਵਾਲਿਆਂ ਵਾਲੇ, ਹੁਣ ਤੱਕ ਛੇ ਵਰਚੂਅਲ ਟਾਊਨਹਾਲ ਹੋ ਚੁੱਕੇ ਹਨ।
- ਅੱਜ ਦੀ ਤਰੀਕ ਤੱਕ ਆਨਲਾਈਨ ਐਂਗੇਜਮੈਂਟ ਟੂਲ ਰਾਹੀਂ 16,000 ਤੋਂ ਵੱਧ ਹੈਲਥ ਕੇਅਰ ਵਰਕਰ ਅਤੇ ਐਲਬਰਟਾ ਨਿਵਾਸੀ ਆਪਣੀ ਫੀਡਬੈਕ ਮੁਹੱਈਆ ਕਰ ਚੁੱਕੇ ਹਨ।

# ਨਿਊਜ਼ ਰਿਲੀਜ਼

## ਸਬੰਧਤ ਜਾਣਕਾਰੀ

- ਰੀਫੋਕਸਿੰਗ ਹੈਲਥ ਕੇਅਰ ਇਨ ਐਲਬਰਟਾ
- ਸ਼ੇਪ ਦਿ ਵੇਅ - ਰੀਫੋਕਸਿੰਗ ਟੈਬ

## ਸਬੰਧਤ ਖਬਰਾਂ

- ਸ਼ੇਪ ਦਿ ਫਿਊਚਰ ਆਫ ਯੂਅਰ ਹੈਲਥ ਕੇਅਰ (12 ਦਸੰਬਰ, 2023)
- ਕਾਲਿੰਗ ਆਨ ਆਲ ਐਲਬਰਟਨਜ਼ ਟੂ ਹੈਲਪ ਸ਼ੇਪ ਹੈਲਥ ਕੇਅਰ (21 ਨਵੰਬਰ 2023)